DonnaOckenden

Donna Ockenden Ltd. First Floor, 31 North Street, Chichester, West Sussex, PO19 1LX
ਵੈਟ ਨੰ: 168 5906 65 - ਇੰਗਲੈਂਡ ਅਤੇ ਵੇਲਜ਼ ਵਿੱਚ ਰਜਿਸਟਰਡ - ਕੰਪਨੀ ਨੰ: 8604834
ਰਜਿਸਟਰਡ ਦਫ਼ਤਰ: 3 Lion Street, Chichester, West Sussex, PO19 1LW

ਪਿਆਰੇ ਪਰਿਵਾਰੋ,

ਸਾਨੂੰ ਉਮੀਦ ਹੈ ਕਿ ਇਹ ਪੱਤਰ ਮਿਲਣ ਸਮੇਂ ਤੁਸੀਂ ਠੀਕ ਹੋਵੋਗੇ? ਸਮੀਖਿਆ ਦੀ ਪੂਰੀ ਮਿਆਦ ਦੌਰਾਨ ਖੁੱਲ੍ਹੇ ਅਤੇ ਇਮਾਨਦਾਰ ਰਹਿਣ ਦੀ ਸਾਡੀ ਵਚਨਬੱਧਤਾ ਦੇ ਹਿੱਸੇ ਵਜੋਂ, ਅਸੀਂ ਸਮੀਖਿਆ ਦੇ ਦੌਰਾਨ ਸਾਰੇ ਪਰਿਵਾਰਾਂ ਨੂੰ, ਜਿੰਨੀ ਵਾਰ ਹੋ ਸਕੇ ਅਤੇ ਜਿੰਨਾ ਹੋ ਸਕੇ ਸੰਵੇਦਨਸ਼ੀਲਤਾ ਨਾਲ ਅੱਪਡੇਟ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਕਿਰਪਾ ਕਰਕੇ ਸਮੀਖਿਆ ਦੀ ਚੇਅਰਪਰਸਨ, ਡੋਨਾ ਓਕੇਂਡੇਨ ਤੋਂ ਸਮੀਖਿਆ ਦੀ ਪ੍ਰਗਤੀ ਅਤੇ ਸਮੀਖਿਆ ਦਾ ਹਿੱਸਾ ਬਣਨ ਵਾਲੇ ਪਰਿਵਾਰਾਂ ਲਈ ਇਸਦੇ ਕੀ ਮਾਅਨੇ ਹਨ, ਬਾਰੇ ਹੇਠਾਂ ਦਿੱਤਾ ਅੱਪਡੇਟ ਪੜ੍ਹੋ।

ਅੱਜ ਤੱਕ, 2,032 ਪਰਿਵਾਰ ਸਮੀਖਿਆ ਵਿੱਚ ਸ਼ਾਮਲ ਹੋਏ ਹਨ। ਸਮੀਖਿਆ ਵਿੱਚ ਸ਼ਾਮਲ ਹੋਣ ਲਈ, ਇੱਕ ਪਰਿਵਾਰ ਨੂੰ ਸਮੀਖਿਆ ਲਈ ਸੰਦਰਭ ਦੀਆਂ ਸ਼ਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਸਮੀਖਿਆ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਪਰਿਵਾਰ ਬਾਰੇ ਜਾਣਕਾਰੀ ਸਾਨੂੰ ਜਾਂ ਤਾਂ ਪਰਿਵਾਰ ਤੋਂ ਸਿੱਧੇ ਸੰਪਰਕ ਰਾਹੀਂ ਮਿਲਦੀ ਹੈ; ਅਤੇ/ਜਾਂ, ਸਮੀਖਿਆ ਟੀਮ 'ਖੁੱਲੀ ਕਿਤਾਬ' ਪ੍ਰਕਿਰਿਆ ਰਾਹੀਂ ਟਰੱਸਟ ਤੋਂ ਜਾਣਕਾਰੀ ਪ੍ਰਾਪਤ ਕਰਦੀ ਹੈ। 'ਖੁੱਲੀ ਕਿਤਾਬ' ਪ੍ਰਕਿਰਿਆ, ਉਹ ਸ਼ਬਦ ਹੈ ਜੋ ਉਸ ਤਰੀਕੇ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਵਿਚ ਟਰੱਸਟ ਇਹ ਦੇਖਣ ਲਈ ਆਪਣੇ ਰਿਕਾਰਡਾਂ ਨੂੰ ਦੇਖਦਾ ਹੈ ਕਿ ਕੀ ਕੋਈ ਕੇਸ ਸਮੀਖਿਆ ਦੀਆਂ ਸੰਦਰਭ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹਨ।

ਅਸੀਂ ਨੌਟਿੰਘਮ ਯੂਨੀਵਰਸਿਟੀ ਹਸਪਤਾਲ NHS ਟਰੱਸਟ ਦੇ ਮੁੱਖ ਕਾਰਜਕਾਰੀ ਐਂਥਨੀ ਮੇਅ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਸਾਰੇ ਢੁਕਵੇਂ ਕੇਸ ਸੁਤੰਤਰ ਸਮੀਖਿਆ ਵਿੱਚ ਸ਼ਾਮਲ ਕੀਤੇ ਜਾਣ। ਇਸ ਕੰਮ ਨੇ ਕੁਝ ਅੰਤਰਾਂ ਦੀ ਪਛਾਣ ਕੀਤੀ ਹੈ। ਇਹ ਅੰਤਰ ਉਹ ਮਾਮਲੇ ਹਨ ਜੋ ਸਮੀਖਿਆ ਨੂੰ ਪ੍ਰਦਾਨ ਕੀਤੇ ਜਾਣੇ ਚਾਹੀਦੇ ਸਨ, ਪਰ ਪ੍ਰਦਾਨ ਨਹੀਂ ਕੀਤੇ ਗਏ ਸਨ। ਅੰਤਰ ਹੇਠ ਲਿਖੀਆਂ ਸ਼੍ਰੇਣੀਆਂ ਨਾਲ ਸਬੰਧਤ ਹਨ:

- ਉਹ ਬੱਚੇ ਜੋ ਮਰ ਗਏ ਹਨ
- ਦਿਮਾਗੀ ਸੱਟ ਵਾਲੇ ਬੱਚੇ
- ਮਾਵਾਂ ਜੋ ਮਰ ਗਈਆਂ ਹਨ

ਅਸੀਂ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਇਹ ਇੱਕ ਅਣਭੋਲ ਗਲਤਫਹਿਮੀ ਤੋਂ ਪੈਦਾ ਹੋਇਆ ਹੈ। ਜ਼ਰੂਰੀ ਤੌਰ 'ਤੇ, ਇਹਨਾਂ ਮਾਮਲਿਆਂ ਨੂੰ ਸਮੀਖਿਆ ਟੀਮ ਨੂੰ ਭੇਜਿਆ ਜਾਵੇਗਾ। ਇਸਦਾ ਮਤਲਬ ਹੈ ਕਿ ਸਾਡੀ ਟੀਮ ਦੁਆਰਾ ਇਹਨਾਂ ਦੀ ਸਮੀਖਿਆ ਕੀਤੀ ਜਾਵੇਗੀ, ਅਸੀਂ ਇਹਨਾਂ ਪਰਿਵਾਰਾਂ ਨੂੰ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹਾਂ ਅਤੇ ਟਰੱਸਟ ਇਹਨਾਂ ਮਾਮਲਿਆਂ ਦੇ ਤਜ਼ਰਬਿਆਂ ਤੋਂ ਸਿੱਖੇਗਾ।

ਨਤੀਜੇ ਵਜੋਂ, ਸਮੀਖਿਆ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਪਰਿਵਾਰਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਵੇਗਾ; ਇਹ ਗਿਣਤੀ 300 ਨਵੇਂ ਪਰਿਵਾਰਾਂ ਤੱਕ ਹੋਣ ਦੀ ਉਮੀਦ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸਮੀਖਿਆ ਵਿੱਚ ਪਰਿਵਾਰਾਂ ਦੀ ਗਿਣਤੀ (ਜਦੋਂ ਸਮੀਖਿਆ ਮਈ 2025 ਦੇ ਅੰਤ ਵਿੱਚ ਨਵੇਂ ਮਾਮਲਿਆਂ ਲਈ ਬੰਦ ਹੋ ਜਾਵੇਗੀ) ਲਗਭਗ 2,500 ਪਰਿਵਾਰ ਹੋਵੇਗੀ।

ਪਰਿਵਾਰ ਯਾਦ ਰੱਖਣਗੇ ਕਿ ਅਸੀਂ ਹਮੇਸ਼ਾ ਕਿਹਾ ਹੈ ਕਿ ਅਸੀਂ ਸਤੰਬਰ 2025 ਦੇ ਅੰਤ ਵਿੱਚ ਆਪਣੀ ਰਿਪੋਰਟ ਪ੍ਰਕਾਸ਼ਿਤ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਾਂਗੇ। ਜਦੋਂ ਅਸੀਂ ਇਹ ਵਚਨਬੱਧਤਾ ਕੀਤੀ ਸੀ, ਤਾਂ ਸਾਡੇ ਕੋਲ ਸਮੀਖਿਆ ਵਿੱਚ ਲਗਭਗ 1,700 ਪਰਿਵਾਰ ਸਨ। ਨਵੇਂ ਪਰਿਵਾਰਾਂ ਦੇ ਸਮੀਖਿਆ ਵਿੱਚ ਸ਼ਾਮਲ ਹੋਣ ਤੋਂ ਬਿਨਾਂ ਵੀ ਅੱਜ ਤੱਕ ਪਰਿਵਾਰਾਂ ਦੀ ਗਿਣਤੀ ਵਧ ਕੇ 2,032 ਹੋ ਗਈ ਹੈ। ਨਵੇਂ ਪਰਿਵਾਰਾਂ ਦੇ ਸਮੀਖਿਆ ਵਿੱਚ ਸ਼ਾਮਲ ਹੋਣ ਦੇ ਨਾਲ, ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਸਾਨੂੰ ਰਿਪੋਰਟ ਦੇ ਪ੍ਰਕਾਸ਼ਨ ਨੂੰ ਜੂਨ 2026 ਤੱਕ ਮੁਲਤਵੀ ਕਰਨਾ ਪਵੇਗਾ, ਇਸਦੇ ਨਾਲ ਹੀ ਪ੍ਰਕਾਸ਼ਨ ਤੋਂ ਬਾਅਦ ਪਰਿਵਾਰਕ ਫੀਡਬੈਕ ਹੋਵੇਗਾ। ਇਹ ਸਮੀਖਿਆ ਟੀਮ ਨੂੰ ਸਾਰੇ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਦਾ ਮੌਕਾ ਦੇਵੇਗਾ, ਅਤੇ ਸਾਰੇ ਮਾਮਲਿਆਂ ਦੀ ਸਮੀਖਿਆ ਉਨ੍ਹਾਂ ਉੱਚਤਮ ਪੇਸ਼ੇਵਰ ਮਿਆਰਾਂ ਅਨੁਸਾਰ ਕਰਨ ਦੀ ਆਗਿਆ ਦੇਵੇਗਾ ਜਿਨ੍ਹਾਂ ਮਿਆਰਾਂ ਦੀ ਅਸੀਂ ਸਾਰੇ ਉਮੀਦ ਕਰਦੇ ਹਾਂ। ਨਵੀਂ ਪ੍ਰਕਾਸ਼ਨ ਮਿਤੀ ਅਤੇ ਸਮੀਖਿਆ ਦੇ ਨਵੇਂ ਮਾਮਲਿਆਂ ਲਈ ਬੰਦ ਹੋਣ ਦੀ ਮਿਤੀ ਨੂੰ ਦਰਸਾਉਣ ਲਈ ਸੰਦਰਭ ਦੀਆਂ ਸ਼ਰਤਾਂ ਨੂੰ ਅਪਡੇਟ ਕੀਤਾ ਜਾਵੇਗਾ।

ਅਸੀਂ ਮੰਨਦੇ ਹਾਂ ਕਿ ਇਹ ਅਪਡੇਟ ਕੁਝ ਪਰਿਵਾਰਾਂ ਲਈ ਸੁਣਨਾ ਮੁਸ਼ਕਲ ਹੋ ਸਕਦਾ ਹੈ, ਇਸ ਲਈ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਇਸ ਸਮੇਂ ਵਾਧੂ ਸਹਾਇਤਾ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਮੀਖਿਆ ਟੀਮ, ਜਾਂ ਪਰਿਵਾਰਕ ਮਨੋਵਿਗਿਆਨਕ ਸਹਾਇਤਾ ਸੇਵਾ (Family Psychological Support Service, FPSS) ਨਾਲ ਸੰਪਰਕ ਕਰੋ। ਅਸੀਂ ਤੁਹਾਡੀ ਮਦਦ ਕਰਨ ਲਈ ਇੱਥੇ ਹਾਂ ਜਿੱਥੇ ਵੀ ਅਸੀਂ ਕਰ ਸਕਦੇ ਹਾਂ।

ਇਹ ਐਲਾਨ ਸ਼ਨੀਵਾਰ 1ਲੀ ਫਰਵਰੀ ਨੂੰ ਕੀਤਾ ਗਿਆ ਸੀ, ਅਤੇ ਈਮੇਲ ਰਾਹੀਂ ਸਾਰੇ ਸਮੀਖਿਆ ਪਰਿਵਾਰਾਂ ਨੂੰ ਵੰਡਿਆ ਗਿਆ ਸੀ। ਅਸੀਂ ਤੁਹਾਨੂੰ ਇਹ ਪੱਤਰ ਡਾਕ ਰਾਹੀਂ ਭੇਜਿਆ ਹੈ ਕਿਉਂਕਿ ਸਾਡੇ ਕੋਲ ਤੁਹਾਡੇ ਲਈ ਕੋਈ ਈਮੇਲ ਪਤਾ ਨਹੀਂ ਹੈ। ਜੇਕਰ ਤੁਸੀਂ ਈਮੇਲ ਰਾਹੀਂ ਅੱਪਡੇਟ ਰਹਿਣਾ ਚਾਹੁੰਦੇ ਹੋ, ਜੋ ਅੱਗੇ ਜਾ ਕੇ ਹੋਰ ਤੁਰੰਤ ਸੰਚਾਰ ਦੀ ਆਗਿਆ ਦੇਵੇਗਾ, ਤਾਂ ਕਿਰਪਾ ਕਰਕੇ ਆਪਣੇ ਈਮੇਲ ਪਤੇ ਨਾਲ ਸਾਡੇ ਦਫ਼ਤਰ ਨਾਲ ਸੰਪਰਕ ਕਰੋ।

ਧੰਨਵਾਦ।



ਡੋਨਾ ਓਕੇਂਡੇਨ (Donna Ockenden)

ਮੁਖੀ

ਮੈਟਰਨਟੀ ਸੇਵਾਵਾਂ ਦੀ ਸੁਤੰਤਰ ਸਮੀਖਿਆ (Independent Review of Maternity Services)

**<u>ਮੈਟਰਨਟੀ ਸੇਵਾਵਾਂ ਦੀ ਸੁਤੰਤਰ ਸਮੀਖਿਆ (Independent Review of Maternity Services)</u>**

ਕੰਮ-ਕਾਰ ਦੇ ਘੰਟੇ: ਸੋਮਵਾਰ - ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ

ਈਮੇਲ: nottsreview@donnaockenden.com

ਟੈਲੀਫੋਨ: 01243 786993

**<u>ਪਰਿਵਾਰਕ ਮਨੋਵਿਗਿਆਨਕ ਸਹਾਇਤਾ ਸੇਵਾ (Family Psychological Support Service, FPSS)</u>**

ਪਰਿਵਾਰਕ ਮਨੋਵਿਗਿਆਨਕ ਸਹਾਇਤਾ ਸੇਵਾ (Family Psychological Support Service) ਨੌਟਿੰਘਮ ਯੂਨੀਵਰਸਿਟੀ ਹਸਪਤਾਲ NHS ਟਰੱਸਟ (Nottingham University Hospitals NHS Trust) ਵਿਖੇ ਸੁਤੰਤਰ ਮੈਟਰਨਿਟੀ ਸਮੀਖਿਆ ਵਿੱਚ ਸ਼ਾਮਲ ਪਰਿਵਾਰਾਂ ਦਾ ਸਮਰਥਨ ਕਰਦੀ ਹੈ। ਉਨ੍ਹਾਂ ਕੋਲ ਮਾਨਤਾ ਪ੍ਰਾਪਤ ਥੈਰੇਪਿਸਟਾਂ ਦੀ ਇੱਕ ਟੀਮ ਹੈ ਜਿਨ੍ਹਾਂ ਕੋਲ ਸਦਮੇ, ਨੁਕਸਾਨ ਅਤੇ ਹੋਰ ਕਈ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਮਨੋਵਿਗਿਆਨਕ ਇਲਾਜ ਪ੍ਰਦਾਨ ਕਰਨ ਦਾ ਤਜਰਬਾ ਹੈ।

ਕਾਲ ਕਰੋ: 0115 200 1000

ਈਮੇਲ: enquiries@fpssnottingham.co.uk

ਵੈੱਬਸਾਈਟ: www.fpssnottingham.co.uk